10.12.95

# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

**ਇਸ਼ਤਿਹਾਰਾਂ ਦੀ ਕਲਾ ਦਾ ਭੱਦਾ ਚਿਹਰਾ:** ਜਦੋਂ ਵੀ ਕਿਸੇ ਸਮਾਜ ਦਾ ਨਿਘਾਰ ਆਉਂਦਾ ਹੈ ਤਾਂ ਚਮਚਾਗਿਰੀ ਉਸ ਨਿਘਾਰ ਦਾ ਇਕ ਚਿੰਨ੍ਹ ਹੁੰਦਾ ਹੈ। ਇਹ ਚਮਚਾਗਿਰੀ ਹੁਣ ਇਸ਼ਤਿਹਾਰਾਂ ਦੀ ਕਲਾ ਦੇ ਰੂਪ ਚਿ ਰੂਪਵਾਨ ਹੋ ਰਹੀ ਹੈ। ਤੁਸੀਂ ਅਖਬਾਰ ਖੋਲ੍ਹੋ, ਇਸ ਵਿਚ ਇਕ ਤੋਂ ਬਹੁਤੀਆਂ ਥਾਵਾਂ ਤੋਂ ਨਿੱਕੀਆਂ ਨਿੱਕੀਆਂ ਤਸਵੀਰਾਂ ਇਕ ਲਾਈਨ ਵਿਚ ਲੱਗੀਆਂ ਵੇਖੋਗੇ। ਇਕ ਮੁੱਖ ਮੰਤਰੀ ਦੀ ਹੋਵੇਗੀ, ਇਕ ਕਿਸੇ ਹੋਰ ਮੰਤਰੀ ਦੀ, ਇਕ ਇਲਾਕੇ ਦੇ ਐਮ. ਐਲ. ਏ. ਦੀ, ਇਕ ਕਿਸੇ ਠੇਕੇਦਾਰ ਦੀ, ਇਕ ਸਰਪੰਚ ਦੀ, ਇਕ ਕਿਸੇ ਟਰੱਕ ਯੂਨੀਅਨ ਦੇ ਪ੍ਰਧਾਨ ਦੀ। ਇਸ਼ਤਿਹਾਰ ਦਾ ਮਜ਼ਮੂਨ ਹੋਵੇਗਾ "ਹਾਰਦਿਕ ਧੰਨਵਾਦ ਅਤੇ ਵਧਾਈਆਂ, ਅਸੀਂ ਤਹਿ-ਦਿਲੋਂ ਧੰਨਵਾਦੀ ਹਾਂ ਮੁੱਖ ਮੰਤਰੀ ਦੇ, ਜਿਨ੍ਹਾਂ ਆਪਣੇ ਮੰਤਰੀ ਮੰਡਲ ਵਿਚ ਸੱਚੇ-ਸੁੱਚੇ, ਇਮਾਨਦਾਰ, ਮਿਹਨਤੀ ਤੇ ਜਨਤਾ ਦੇ ਸੇਵਕ ਫਲਾਣੇ ਫਲਾਣੇ ਨੂੰ ਸ਼ਾਮਲ ਕਰ ਕੇ ਸੇਵਾ ਦਾ ਮੌਕਾ ਦਿੱਤਾ ਹੈ ਤੇ ਮਾਨ ਬਖਸ਼ਿਆ ਹੈ।" ਜਾਰੀ ਕਰਤਾ ਫਲਾਣਾ ਚੰਦ ਜਾਂ ਫਲਾਣਾ ਸਿੰਘ, ਪ੍ਰਧਾਨ ਟਰੱਕ ਯੂਨੀਅਨ। ਜਾਰੀ ਕਰਨ ਵਾਲੇ ਦਾ ਸਮਾਜ ਵਿਚ ਆਪਣਾ ਕਿੰਨਾ ਕੁ ਇਮਾਨਦਾਰੀ ਜਾਂ ਇਮਾਨਦਾਰ ਸੇਵਾ ਦਾ ਰਿਕਾਰਡ ਹੈ, ਇਹ ਇਲਾਕੇ ਦੇ ਬੰਦੇ ਜਾਣਦੇ ਹੀ ਹੋਣਗੇ। ਨਜਾਇਜ਼ ਢੰਗਾਂ ਨਾਲ ਕਮਾਏ ਹੋਏ ਪੈਸੇ ਨਾਲ ਇਸ ਤਰ੍ਹਾਂ ਦਾ ਚਮਚਾਗਿਰੀ ਦਾ ਇਸ਼ਤਿਹਾਰ, ਇਸ਼ਤਿਹਾਰੀ ਕਲਾ ਉਤੇ ਵੀ ਧੱਬਾ ਹੈ ਤੇ ਸਮੁੱਚੇ ਸਮਾਜ ਦੀ ਨੈਤਿਕਤਾ 'ਤੇ ਵੀ ਧੱਬਾ ਹੈ। ਇਸ ਰੁਝਾਨ ਦਾ ਨੋਟਿਸ ਲੈਣਾ ਜ਼ਰੂਰੀ ਹੈ।

**ਚਿੱਤਰਕਾਰ ਹੁਸੈਨ ਅਤੇ ਮਾਧੁਰੀ ਦੀਕਸ਼ਤ:** ਮਾਧੁਰੀ ਦੀਕਸ਼ਤ ਸਾਡੀ ਫਿਲਮੀ ਸਨਅਤ ਦੀ ਚਰਚਿਤ ਅਭਿਨੇਤਰੀ ਹੈ। 80 ਸਾਲਾ ਪ੍ਰਸਿੱਧ ਚਿੱਤਰਕਾਰ ਮਕਬੂਲ ਫਿਦਾ ਹੁਸੈਨ ਉਸ ਦੀ ਸੁੰਦਰਤਾ 'ਤੇ ਬੁਰੀ ਤਰ੍ਹਾਂ ਫਿਦਾ ਹੋ ਗਿਆ ਹੈ। ਉਸ ਨੇ ਉਸ ਦੀਆਂ ਬਹੁਤ ਸਾਰੀਆਂ ਤਸਵੀਰਾਂ ਬਣਾਈਆਂ ਹਨ। ਉਨ੍ਹਾਂ ਦੀ ਵਿਕਰੀ ਲਈ ਨੁਮਾਇਸ਼ ਵੀ ਲਾਈ ਹੈ। ਖਬਰ ਹੈ ਮਾਲਦਾਰ ਲੋਕਾਂ ਨੇ ਇਹ ਤਸਵੀਰਾਂ ਵੱਡੇ ਮੁੱਲ 'ਤੇ ਖਰੀਦੀਆਂ ਹਨ। ਉਂਝ ਤਾਂ ਕਲਾ ਦੇ ਖੇਤਰ ਵਿਚ ਹਰ ਇਕ ਕਲਾਕਾਰ ਨੂੰ ਆਜ਼ਾਦੀ ਹੈ ਉਹ ਆਪਣੀ ਕਲਾ ਦੇ ਵਿਸ਼ੇ ਦੀ ਚੋਣ ਕਰੇ ਪਰ ਜਦੋਂ ਕੋਈ ਬਜ਼ੁਰਗ ਕਲਾਕਾਰ ਹੈ ਤੇ ਕਲਾਕਾਰ ਵੀ ਉਹ ਜੋ ਸੰਸਾਰ ਪ੍ਰਸਿੱਧੀ ਦਾ ਸਥਾਪਤ ਕਲਾਕਾਰ ਹੋਵੇ, ਉਹ ਆਪਣੀ ਜ਼ਿਹਨੀ ਅਯਾਸ਼ੀ ਲਈ, ਜਿਸ ਵਿਚ ਫਰਾਇਡ ਦੇ ਸਿਧਾਂਤ ਅਨੁਸਾਰ ਵਾਸ਼ਨਾ ਦਾ ਅੰਸ਼ ਵੀ ਸ਼ਾਮਲ ਹੋਵੇ, ਇਹੋ ਜਿਹੇ ਵਿਸ਼ੇ ਚੁਣਦਾ ਹੈ ਤਾਂ ਕਲਾ ਦੇ ਹਿਤੈਸ਼ੀਆਂ ਲਈ ਇਹ ਫਿਕਰ ਵਾਲੀ ਗੱਲ ਹੈ। ਇਸੇ ਤਰ੍ਹਾਂ ਦਾ ਰੁਝਾਨ ਜਸਵੰਤ ਸਿੰਘ ਕੰਵਲ ਦੇ ਨਾਵਲ 'ਤੌਸ਼ਾਲੀ ਦੀ ਹੰਸੋ' ਵਿਚ ਵੀ ਮਿਲਦਾ ਹੈ। ਇਹ ਨਾਵਲ ਪੰਜਾਬੀ ਸਾਹਿਤ ਦੀ ਇਕ ਬਹੁਤ ਅਹਿਮ ਅਤੇ ਸਿਖਰਾਂ ਨੂੰ ਛੂੰਹਦੀ ਕਲਾਕ੍ਰਿਤ ਹੈ। ਇਹ ਨਾਵਲ ਸ਼ਕਤੀਸ਼ਾਲੀ ਸਾਮਰਾਜੀ ਤਾਕਤਾਂ ਵਲੋਂ ਨਿੱਕੀ ਕੌਮੀਅਤ ਵਾਲੇ ਅਣਖੀ ਲੋਕਾਂ ਨੂੰ ਦਬਾਉਣ ਅਤੇ ਇਹਦੀ ਵਿਰੋਧਤਾ ਵਿਚ ਅਣਖੀਲੇ ਲੋਕਾਂ ਦੀ ਬਹਾਦਰੀ ਦੀ ਦਾਸਤਾਂ ਬੜੀ ਹੀ ਰੌਚਿਕਤਾ ਨਾਲ ਪੇਸ਼ ਕੀਤੀ ਗਈ ਹੈ। ਪਰ ਨਾਵਲ ਵਿਚ ਜਿਥੇ ਵੀ ਇਸਤਰੀ ਪਾਤਰਾਂ ਦਾ ਜ਼ਿਕਰ ਜਾਂ ਉਨ੍ਹਾਂ ਬਾਰੇ ਸਾਧਾਰਨ ਲੋਕਾਂ ਜਾਂ ਸਿਪਾਹੀਆਂ ਦਾ ਵਾਰਤਾਲਾਪ ਆਉਂਦਾ ਹੈ, ਉਥੇ ਲਗਦਾ ਹੈ ਕਿ ਬਜ਼ੁਰਗ ਲੇਖਕ ਨੇ ਖਾਹ-ਮ-ਖਾਹ ਜ਼ਿਹਨੀ ਅਯਾਸ਼ੀ ਲਈ ਵਾਧੂ ਦਾ ਮਸਾਲਾ ਘਸੋੜਿਆ ਹੋਇਆ ਹੈ, ਜੋ ਮੁੱਖ ਵਿਸ਼ੇ ਤੋਂ ਪਾਠਕ ਨੂੰ ਦੂਰ ਲਿਜਾਂਦਾ ਹੈ ਅਤੇ ਕਲਾ ਕ੍ਰਿਤ ਦੀ ਕੀਮਤ ਵੀ ਘਟਾਉਂਦਾ ਹੈ। ਸਥਾਪਤ ਬਜ਼ੁਰਗ ਕਲਾਕਾਰ ਨੂੰ ਭਾਵੇਂ ਉਹ ਕਿਸੇ ਵੀ ਕਲਾ ਖੇਤਰ ਵਿਚ ਕੰਮ ਕਰ ਰਹੇ ਹਨ, ਵਿਸ਼ੇ ਦੀ ਚੋਣ ਅਤੇ ਵਿਸ਼ੇ ਨੂੰ ਨਿਭਾਉਣ ਵੇਲੇ ਇਸ ਰੁਝਾਨ 'ਤੇ ਕਾਬੂ ਪਾਉਣਾ ਚਾਹੀਦਾ ਹੈ।

**ਬਾਬਾ ਜਵਾਲਾ ਸਿੰਘ ਦੀ ਗਦਰ ਦੀ ਲਲਕਾਰ:** ਸਾਹਿਤ ਦੇ ਵੱਖ ਵੱਖ ਰੂਪਾਂ ਵਿਚ ਜਿਥੇ ਨਾਵਲ, ਕਹਾਣੀ, ਕਵਿਤਾ, ਨਾਟਕ ਆਦਿਕ ਆਉਂਦੇ ਹਨ, ਉਥੇ ਦੇਸ਼ ਭਗਤਾਂ ਦੀਆਂ ਡਾਇਰੀਆਂ ਜਾਂ ਕਿਸੇ ਖੇਤਰ ਵਿਚ ਮਹੱਤਵਪੂਰਨ ਕੰਮ ਕਰਨ ਵਾਲਿਆਂ ਦੀਆ ਡਾਇਰੀਆਂ ਵੀ ਇਕ ਵਿਸ਼ੇਸ਼ ਥਾਂ ਰੱਖਦੀਆਂ ਹਨ, ਜੋ ਪਾਠਕਾਂ ਨੂੰ ਚੰਗੀ ਜ਼ਿੰਦਗੀ ਲਈ ਸੰਘਰਸ਼ ਵਾਸਤੇ ਪ੍ਰੇਰਨਾ ਦੇਂਦੀਆਂ ਹਨ। ਅੱਜ ਜਦੋਂ ਅਸੀਂ ਸਾਰੇ ਪਾਸੇ ਰਾਜਸੀ ਅਤੇ ਸਮਾਜਕ ਭ੍ਰਿਸ਼ਟਾਚਾਰ ਫੈਲਿਆ ਵੇਖਦੇ ਹਾਂ ਤਾਂ ਉਹਦੇ ਵਿਰੁਧ ਸੰਗਰਸ਼ ਲਈ ਪ੍ਰੇਰਨਾ ਸਾਨੂੰ ਉਨ੍ਹਾਂ ਲਿਖਤਾਂ ਤੋਂ ਮਿਲਦੀ ਹੈ ਜੋ ਦਸਦੀਆਂ ਹਨ ਕਿ ਅਸੀਂ ਆਪਣੇ ਦੇਸ਼ ਦੀ ਆਜ਼ਾਦੀ ਕਿਹੜੀ ਕੀਮਤ ਦੇ ਕੇ ਲਈ ਹੈ। ਬਾਬਾ ਜਵਾਲਾ ਸਿੰਘ ਦੀ ਡਾਇਰੀ 'ਤੇ ਆਧਾਰਤ ਇਕ ਕਿਤਾਬਚਾ 'ਗਦਰ ਦੀ ਲਲਕਾਰ' ਇਹਦੀ ਇਕ ਮਿਸਾਲ ਹੈ। ਬਲਬੀਰ ਪਰਵਾਨਾ ਵਲੋਂ ਸੰਪਾਦਤ ਅਤੇ ਰੈਡੀਕਲ ਪਬਲਿਕੇਸ਼ਨਜ਼ ਵਲੋਂ ਪ੍ਰਕਾਸ਼ਤ ਇਹ ਇਕ ਐਸੀ ਦਸਤਾਵੇਜ਼ ਹੈ ਜਿਸ ਦਾ ਹਰ ਘਰ ਵਿਚ ਅਤੇ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਵਲੋਂ ਪੜ੍ਹਿਆ ਜਾਣਾ ਬਹੁਤ ਜ਼ਰੂਰੀ ਹੈ। ਸਾਨੂੰ ਇਹ ਪਤਾ ਹੋਵੇ ਕਿ ਆਜ਼ਾਦੀ ਸਾਨੂੰ ਕਿਸੇ ਨੇ ਥਾਲੀ 'ਤੇ ਪਰੋਸ ਕੇ ਨਹੀਂ ਦਿੱਤੀ ਸਗੋਂ ਸਾਡੇ ਬਜ਼ੁਰਗਾਂ ਨੇ ਇਹ ਬੜੇ ਤਸੀਹੇ ਸਹਿ ਕੇ ਹਾਸਲ ਕੀਤੀ ਹੈ ਤਾਂ ਸਾਨੂੰ ਇਹਦੀ ਕੀਮਤ ਵੀ ਪਤਾ ਲਗਦੀ ਹੈ ਤੇ ਨਾਲੇ ਇਸ ਇਰਾਦੇ ਨੂੰ ਵੀ ਪੁਖਤਾ ਕਰਦੀ ਹੈ ਕਿ ਅਸੀਂ ਇਸ ਆਜ਼ਾਦੀ ਨੂੰ ਗੁੰਡਿਆਂ, ਬਦਮਾਸ਼ਾਂ ਕੋਲੋਂ ਬਚਾਉਣਾ ਹੈ। 'ਗਦਰ ਦੀ ਲਲਕਾਰ' ਲਿਖਤ ਨੂੰ ਪਾਠਕਾਂ ਤਕ ਪੁਚਾਣ ਲਈ ਰੈਡੀਕਲ ਪਬਲਿਕੇਸ਼ਨਜ਼ ਵਧਾਈ ਦੀ ਪਾਤਰ ਹੈ।

**ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ:** ਕੇਂਦਰੀ ਪੰਜਾਬੀ ਲੇਖਕ ਸਭਾ ਦੀ 26 ਨਵੰਬਰ ਦੀ ਚੋਣ ਵਿਚ ਲੇਖਕਾਂ ਨੇ ਇਕ ਬਹੁਤ ਹੀ ਚੰਗੇ ਸਦਭਾਵਨਾ ਵਾਲੇ ਮਾਹੌਲ ਵਿਚ ਸੰਤੋਖ ਸਿੰਘ ਧੀਰ, ਅਵਤਾਰ ਜੌੜਾ, ਕੁਲਦੀਪ ਸਿੰਘ ਬੇਦੀ, ਸੁਰਿੰਦਰ ਰਾਮਪੁਰੀ, ਹਰਮੀਤ ਵਿਦਿਆਰਥੀ, ਸੁਰਜੀਤ ਭੱਟੀ, ਸ਼ਾਮ ਸੁੰਦਰ ਦੀਪਤੀ, ਮੱਖਣ ਕੁਹਾੜ, ਰਾਮ ਲਾਲ ਪ੍ਰੇਮੀ ਅਤੇ ਸੁਰਜੀਤ ਜੱਜ ਦੀ ਟੀਮ ਨੂੰ ਚੁਣਿਆ ਹੈ। ਇਹ ਟੀਮ ਪੰਜਾਬੀ ਸਾਹਿਤ ਦੀ ਉਨਤੀ ਲਈ ਜੋ ਵੀ ਉਪਰਾਲਾ ਕਰੇਗੀ, ਸਾਹਿਤਕਾਰਾਂ ਦਾ ਸਹਿਯੋਗ ਅਤੇ ਸ਼ੁਭ ਇਛਾਵਾਂ ਇਸ ਟੀਮ ਦੇ ਨਾਲ ਹੋਣਗੀਆਂ।